# ਗੱਡੀ ਦਾ ਚਾਲਕ ਬਣਨ ਲਈ ਗੱਡੀ ਚਲਾਉਂਣੀ ਸਿਖਣੀ ਪੈਂਦੀ ਹੈ, ਠੀਕ ਇਸੇ ਤਰ੍ਹਾਂ ਮਨੁੱਖਾ ਜੀਵਨ ਸਫਲ ਕਰਨ ਲਈ ਜੀਵਨ ਜਾਚ ਸਿਖਣੀ ਬਹੁਤ ਜਰੂਰੀ ਹੈ

## We have to learn driving for driving a vehicle. Similarly in order to lead a successful life we have to learn the proper way of living

ਗੱਡੀ ਦਾ ਚਾਲਕ ਬਣਨ ਲਈ ਗੱਡੀ ਚਲਾਉਂਣੀ ਸਿਖਣੀ ਪੈਂਦੀ ਹੈ, ਠੀਕ ਇਸੇ ਤਰ੍ਹਾਂ ਮਨੁੱਖਾ ਜੀਵਨ ਸਫਲ ਕਰਨ ਲਈ ਜੀਵਨ ਜਾਚ ਸਿਖਣੀ ਬਹੁਤ ਜਰੂਰੀ ਹੈ

ਮਨੁੱਖ ਦੀ ਸਥਿਤੀ, ਸੋਚ ਜਾਂ ਸੁਭਾਉ, ਉਸ ਦੇ ਪ੍ਰੇਰਕ, ਭਾਵ ਉਸ ਦੇ ਮਨ ਨੂੰ ਸਿਖਿਆ ਦੇਣ ਵਾਲੇ ਅਨੁਸਾਰ ਹੁੰਦਾ ਹੈ। ਇਸ ਸ਼ਿਰੋਮਣੀ ਮਨੁੱਖਾ ਸਰੀਰ ਦਾ ਸੁਭਾਉ ਵੀ ਉਸ ਨੂੰ ਪ੍ਰੇਰਨਾ ਦੇਣ ਵਾਲੇ ਅਨੁਸਾਰ ਬਣ ਜਾਂਦਾ ਹੈ। ਇਹ ਸਾਡੇ ਤੇ ਨਿਰਭਰ ਕਰਦਾ ਹੈ, ਕਿ ਅਸੀਂ ਆਪਣੇ ਮਨ ਨੂੰ ਕਿਸ ਸਿਖਿਆ ਅਨੁਸਾਰ ਤੋਰਨਾ ਹੈ। ਜਿਸ ਤਰ੍ਹਾਂ ਮਨ ਕਹੇਗਾ, ਸਰੀਰ ਨੇ ਉਸ ਅਨੁਸਾਰ ਚਲਣਾ ਹੈ।

ਸਲੋਕੁ ਮਃ ੧ ॥ ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥ ੧੩॥ (੪੭੦)

ਮਨੁੱਖ ਦੁਖੀ ਜਾਂ ਸੁਖੀ ਆਪਣੀ ਸੋਚ ਕਰਕੇ ਹੁੰਦਾ ਹੈ। ਮਨੁੱਖ ਦੇ ਕਰਮ ਵੀ ਉਸ ਦੀ ਸੋਚ ਅਨੁਸਾਰ ਹੁੰਦੇ ਹਨ। ਜਿਆਦਾਤਰ ਬੀਮਾਰੀਆਂ ਦਾ ਕਾਰਨ ਵੀ ਮਨੁੱਖ ਦੀ ਸੋਚ ਹੀ ਹੈ। ਅਸੀਂ ਅੱਜ ਵੀ ਸਤਜੁਗਿ ਵਿਚ ਵਿਚਰ ਸਕਦੇ ਹਾਂ, ਆਪਣਾ ਜੀਵਨ ਸੰਤੋਖ ਵਾਲਾ ਬਣਾ ਸਕਦੇ ਹਾਂ, ਜੇਕਰ ਆਪਣੀ ਸੋਚ ਗੁਰਬਾਣੀ ਅਨੁਸਾਰ ਬਣਾ ਲਈਏ।

ਸੋਚ ਠੀਕ ਕਰਨੀ ਲਈ, "ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ", ਕਰਨੀ ਪਵੇਗੀ। ਸੁਖੀ ਹੋਣ ਲਈ ਆਪਣੀ ਸੋਚ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਗੁਰਬਾਣੀ ਅਨੁਸਾਰ ਕਰਨੀ ਹੈ। ਗੁਰਬਾਣੀ ਨੂੰ ਪੜ੍ਹਨਾਂ ਹੈ, ਸੁਣਨਾਂ ਹੈ, ਸਮਝਣਾਂ ਹੈ, ਅਮਲ ਕਰਨਾਂ ਹੈ, ਤਾਂ ਜੋ ਅਸੀਂ ਅਨੰਦ ਦੀ ਅਵਸਥਾ ਤੱਕ ਪਹੁੰਚ ਸਕੀਏ, "ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥"

ਮਨੁੱਖਾ ਜੀਵਨ ਸਫਲ ਕਰਨ ਲਈ ਸਭ ਤੋਂ ਆਸਾਨ ਤਰੀਕਾ ਹੈ, "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ"। ਆਪਣੀ ਪੜ੍ਹਾਈ ਸਮਝ ਕੇ, ਵੀਚਾਰ ਕੇ, ਧਿਆਨ ਨਾਲ, "ਤਨੁ ਮਨੁ ਧਨੁ", ਤੇ ਕਾਬੂ ਕਰਕੇ, ਪੂਰੀ ਲਗਨ ਨਾਲ ਕਰਨੀ ਹੈ, "ਮਨਿ ਜੀਤੈ ਜਗੁ ਜੀਤੁ"

ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਤਿੰਨ ਚੀਜਾਂ ਦਿਤੀਆਂ ਹਨ, "ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ", ਤਾਂ ਜੋ ਨਾਮੁ ਰੂਪੀ ਅੰਮ੍ਰਿਤ ਬਾਣੀ ਦੁਆਰਾ ਅਸੀਂ ਆਪਣਾ ਆਤਮਿਕ ਜੀਵਨ ਸਫਲ ਕਰ ਸਕੀਏ।

ਉਹੀ ਮਨੁੱਖ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਹੈ, ਜਿਹੜਾ ਸਤਿਗੁਰੂ ਦੇ ਸ਼ਬਦ ਅਨੁਸਾਰ ਵੀਚਾਰ ਕਰਦਾ ਹੈ, ਆਪਣੇ ਮਨ ਨੂੰ ਖੋਜਦਾ ਹੈ, ਅੰਦਰੋਂ ਅਕਾਲ ਪੁਰਖੁ ਨੂੰ ਲੱਭਦਾ ਹੈ ਤੇ ਉਸ ਦੇ ਗੁਣਾਂ ਨੂੰ ਅਪਨਾਂਉਂਦਾ ਹੈ। "ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ (੬੫੦)"

ਗੁਰਮਤਿ ਦੀ ਖੋਜ ਸਬੰਧੀ ਹੋਰ ਵਿਸ਼ਿਆਂ ਤੇ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਇਸ ਲਿੰਕ ਤੇ ਕਲਿਕ ਕਰੋ ਜੀ

https://gurmat-research.com/